

## ਸਿਟੀ ਆਫ ਬ੍ਰੈਂਪਟਨ

## ਪਲਾਨਿੰਗ, ਬਿਲਡਿੰਗ ਅਤੇ ਗ੍ਰੋਥ ਮੈਨੇਜਮੈਂਟ

ਜੇਕਰ ਤੁਹਾਨੂੰ ਇਹ ਜਾਣਕਾਰੀ, ਕਿਸੇ ਦੂਜੀ ਭਾਸ਼ਾ ਵਿੱਚ ਚਾਹੀਦੀ ਹੈ, ਤਾਂ ਕਿਰਪਾ ਕਰਕੇ ਟੈਲੀਫੋਨ ਦੁਭਾਸ਼ੀਆ ਸੇਵਾਵਾਂ (Interpretation Services) ਲਈ, 3-1-1 ਤੇ ਫੋਨ ਕਰੋ।

ਬ੍ਰੈਂਪਟਨ ਵਿੱਚ ਸਟੌਰਮਵਾਟਰ ਪ੍ਰਦੂਸ਼ਣ ਨੂੰ ਘਟਾਉਣ ਦੇ ਤਰੀਕਿਆਂ ਬਾਰੇ ਜਾਣਨ ਲਈ, Brampton.ca/Pollution-Prevention ਤੇ ਜਾਓ

SCAN ME

# ਘਰ ਵਿਖੇ ਪ੍ਰਦੂਸ਼ਣ ਨੂੰ ਰੋਕੋ

## ਸਟੌਰਮਵਾਟਰ ਪ੍ਰਦੂਸ਼ਣ

ਸਟੌਰਮਵਾਟਰ ਦਾ ਵਹਾਅ ਬਾਰਿਸ਼ ਅਤੇ ਬਰਫ ਦਾ ਪਿਘਲਣਾ ਹੈ, ਜੋ ਪੱਕੇ ਫਰਸ਼ ਵਾਲੀਆਂ ਪਾਰਕਿੰਗ ਥਾਵਾਂ ਅਤੇ ਡਰਾਈਵਵੇਅਜ ਵਰਗੀਆਂ ਸਖਤ ਸਤ੍ਹਾਵਾਂ ਤੋਂ ਵਗਦਾ ਹੈ, ਅਤੇ ਬ੍ਰੈਂਪਟਨ ਦੇ ਸਟੌਰਮਵਾਟਰ ਡ੍ਰੇਨੇਜ ਸਿਸਟਮ ਵਿੱਚ ਚਲਾ ਜਾਂਦਾ ਹੈ, ਜੋ ਲੋਕਲ ਨਦੀਆਂ ਅਤੇ ਨਹਿਰਾਂ ਨਾਲ ਜੁੜਿਆ ਹੋਇਆ ਹੈ।

ਸਟੌਰਮਵਾਟਰ ਦਾ ਵਹਾਅ, ਉਦੋਂ ਪ੍ਰਦੂਸ਼ਣ ਪੈਦਾ ਕਰ ਸਕਦਾ ਹੈ, ਜਦੋਂ ਇਹ ਵਾਤਾਵਰਣ ਵਿੱਚ ਜਾਣ ਵੇਲੇ ਤੇਲ, ਕੀੜੇਮਾਰ ਦਵਾਈਆਂ, ਭਾਰੀ ਧਾਤਾਂ, ਰਸਾਇਣਾਂ, ਸੜਕ ਦੇ ਨਮਕ ਅਤੇ ਹੋਰ ਪਦਾਰਥਾਂ ਨੂੰ ਆਪਣੇ ਨਾਲ ਲੈ ਜਾਂਦਾ ਹੈ।

**ਤੁਸੀਂ ਘਰ ਵਿੱਚ ਸਟੌਰਮਵਾਟਰ ਪ੍ਰਦੂਸ਼ਣ ਨੂੰ ਰੋਕਣ ਵਿੱਚ ਮਦਦ ਕਰ ਸਕਦੇ ਹੋ, ਜੇਕਰ ਤੁਸੀਂ ਪ੍ਰਦੂਸ਼ਕਾਂ ਨੂੰ ਸਟੌਰਮਵਾਟਰ ਸਿਸਟਮ ਤੋਂ ਦੂਰ ਰੱਖੋ।**

ਸੈਨੀਟਰੀ ਸੀਵਰ ਅਤੇ ਸਟੌਰਮਵਾਟਰ ਸੀਵਰ ਵਿਚਕਾਰ ਕੀ ਅੰਤਰ ਹੈ?

ਸੈਨੀਟਰੀ ਸਿਸਟਮ, ਟੋਇਲਟਾਂ, ਸਿੰਕਾਂ, ਸ਼ਾਵਰਾਂ, ਕੱਪੜੇ ਧੋਣ ਦੀਆਂ ਫੈਸਿਲਿਟੀਜ਼ ਅਤੇ ਬੇਸਮੈਂਟ ਫਲੋਰ ਦੀਆਂ ਨਾਲੀਆਂ ਵਿੱਚੋਂ ਪਾਣੀ ਨੂੰ ਇਕੱਠਾ ਕਰਦਾ ਹੈ ਅਤੇਇਸਨੂੰ ਇੱਕ ਵੇਸਟਵਾਟਰ ਟ੍ਰੀਟਮੈਂਟ ਫੈਸਿਲਿਟੀ ਵਿੱਚ ਭੇਜਦਾ ਹੈ, ਜਿੱਥੇ ਇਸਨੂੰ ਲੇਕ ਓਨਟੈਰੀਓ (Lake Ontario) ਵਿੱਚ ਛੱਡਣ ਤੋਂ ਪਹਿਲਾਂ ਟ੍ਰੀਟ ਕੀਤਾ ਜਾਂਦਾ ਹੈ।

ਸਟੌਰਮਵਾਟਰ ਸੀਵਰ ਸਿਸਟਮ, ਸਟੌਰਮਵਾਟਰ ਵਹਾਅ ਨੂੰ ਇਕੱਠਾ ਕਰਦਾ ਹੈ ਅਤੇ ਇਸਨੂੰ ਸਟੌਰਮਵਾਟਰ ਤਲਾਬਾਂ ਵਿੱਚ ਲੈ ਜਾਂਦਾ ਹੈ ਜਾਂ ਸਿੱਧੇ ਲੋਕਲ ਨਦੀਆਂ ਅਤੇ ਨਹਿਰਾਂ ਵਿੱਚ ਅਤੇ ਅੰਤ ਵਿੱਚ ਲੇਕ ਓਨਟੈਰੀਓ ਵਿੱਚ।

ਇਹ ਵਹਾਅ ਲੋਕਲ ਨਦੀਆਂ ਅਤੇ ਨਹਿਰਾਂ ਵਿੱਚ ਖਤਮ ਹੁੰਦਾ ਹੈ, ਜੋ ਲੇਕ ਓਨਟੈਰੀਓ ਵਿੱਚ ਵਗਦੀਆਂ ਹਨ।

## ਸਟੌਰਮਵਾਟਰ ਪ੍ਰਦੂਸ਼ਣ ਕੀ ਹੈ?

ਜਿਵੇਂ-ਜਿਵੇਂ ਪਾਣੀ ਸੜਕਾਂ, ਛੱਤਾਂ, ਪਾਰਕਿੰਗ ਸਥਾਨਾਂ ਅਤੇ ਸਾਈਡਵਾਕਸ ਵਰਗੀਆਂ ਸਖਤ ਸਤ੍ਹਾਵਾਂ ਉੱਤੇ ਵਗਦਾ ਹੈ, ਸਟੌਰਮਵਾਟਰ ਹੇਠਾਂ ਦਿੱਤੀਆਂ ਚੀਜ਼ਾਂ ਨੂੰ ਨਾਲ ਲੈ ਜਾਂਦਾ ਹੈ:

- ਪਾਲਤੂ ਜਾਨਵਰਾਂ ਦਾ ਪਖਾਨਾ
- ਕੂੜਾ
- ਧੂੜ, ਮਿੱਟੀ ਅਤੇ ਯਾਰਡ ਦਾ ਕੂੜਾ
- ਸੜਕ ਦਾ ਨਮਕ
- ਖਾਦਾਂ ਅਤੇ ਕੀੜੇਮਾਰ ਦਵਾਈਆਂ
- ਮੋਟਰ ਤੇਲ, ਬਾਲਣ ਅਤੇ ਗ੍ਰੀਸ
- ਪੇਂਟ ਅਤੇ ਘੋਲਕ

BRAMPTON



## ਘਰ ਵਿਖੇ ਪ੍ਰਦੂਸ਼ਣ ਨੂੰ ਰੋਕਣ ਵਿੱਚ ਮਦਦ ਕਰੋ

ਅਸੀਂ ਸਾਰੇ ਹੇਠਾਂ ਦਿੱਤੇ ਕਦਮ ਚੁੱਕ ਕੇ ਸਟੌਰਮਵਾਟਰ ਪ੍ਰਦੂਸ਼ਣ ਨੂੰ ਰੋਕਣ ਅਤੇ ਲੋਕਲ ਨਦੀਆਂ ਅਤੇ ਨਹਿਰਾਂ ਦੀ ਹਾਲਤ ਨੂੰ ਠੀਕ ਰੱਖਣ ਵਿੱਚ ਮਦਦ ਕਰ ਸਕਦੇ ਹਾਂ:

- ਆਪਣੀ ਪ੍ਰਾਪਰਟੀ ਨੂੰ ਸਾਫ-ਸੁਥਰਾ ਅਤੇ ਕੂੜੇ ਤੋਂ ਮੁਕਤ ਰੱਖੋ।
- ਆਪਣੇ ਪਾਲਤੂ ਜਾਨਵਰ ਦੇ ਪਖਾਨੇ ਨੂੰ ਸਾਫ ਕਰੋ ਅਤੇ ਪਾਲਤੂ ਜਾਨਵਰ ਦੇ ਕੂੜੇ ਦਾ ਨਿਬੇੜਾ ਸਹੀ ਢੰਗ ਨਾਲ ਕਰੋ।
- ਸੜਕ ਤੇ ਨਮਕ ਦੀ ਵਰਤੋਂ ਸਾਵਧਾਨੀ ਨਾਲ ਕਰੋ। ਨਮਕ ਵਿਛਾਉਣ ਤੋਂ ਪਹਿਲਾਂ ਸਨੋ ਅਤੇ ਛੋਟੇ ਟੁਕੜਿਆਂ ਨੂੰ ਸ਼ਾਵਲ ਨਾਲ ਹਟਾ ਦਿਓ।
- ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਨੂੰ ਘਟਾਓ ਜਾਂ ਖਤਮ ਕਰੋ।
- ਘਰੇਲੂ ਹਾਨੀਕਾਰਕ ਸਮੱਗਰੀਆਂ, ਜਿਵੇਂ ਮੋਟਰ ਤੇਲ, ਐਂਟੀਫ੍ਰੀਜ਼, ਅਤੇ ਪੇਂਟਸ ਦਾ ਨਿਬੇੜਾ, ਰੀਜਨ ਆਫ ਪੀਲ (Region of Peel) ਦੇ ਕਮਿਉਨਿਟੀ ਰਿਸਾਇਕਲਿੰਗ ਸੈਂਟਰਾਂ (Community Recycling Centres) ਵਿਖੇ ਕਰੋ।
- ਪੂਲ ਦੇ ਪਾਣੀ ਨੂੰ ਕੱਢਣ ਸਬੰਧੀ ਸਿਟੀ ਦੇ ਨਿਯਮਾਂ ਦੀ ਪਾਲਣਾ ਕਰੋ।

**ਡ੍ਰੇਨ ਵਿੱਚ ਸਿਰਫ ਬਾਰਿਸ਼ ਦਾ ਪਾਣੀ ਹੀ ਜਾਣਾ ਚਾਹੀਦਾ ਹੈ!**

## ਸਾਡੇ ਲੋਕਲ ਜਲ ਮਾਰਗਾਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਦਾ ਹੱਲ ਕਰਨ ਵਿੱਚ ਭੂਮਿਕਾ ਨਿਭਾਓ

ਤੁਸੀਂ ਇਹ ਯਕੀਨੀ ਬਣਾ ਕੇ ਸਟੌਰਮਵਾਟਰ ਪ੍ਰਦੂਸ਼ਣ ਨੂੰ ਰੋਕ ਸਕਦੇ ਹੋ ਕਿ ਸਿਰਫ ਬਾਰਿਸ਼ ਜਾਂ ਪਿਘਲੀ ਹੋਈ ਬਰਫ ਹੀ ਸਟੌਰਮ ਡ੍ਰੇਨਸ ਵਿੱਚ ਜਾਵੇ।

ਜੇਕਰ ਤੁਹਾਨੂੰ ਕੋਈ ਰਿਸਾਅ ਨਜ਼ਰ ਆਵੇ, ਤਾਂ ਕਿਰਪਾ ਕਰਕੇ ਉਸਦੀ ਰਿਪੋਰਟ ਇੱਥੇ ਕਰੋ:

- ਪੀਲ ਰੀਜਨ ਐਮਰਜੈਂਸੀ ਰਿਸਪੌਂਸ ਟੀਮ (Peel Region Emergency Response Team): 905-791-7800 (24-ਘੰਟੇ)
- ਓਨਟੈਰੀਓ ਸਪਿਲਸ ਐਕਸ਼ਨ ਸੈਂਟਰ (Ontario Spills Action Centre): 1-866-MOE-TIPS (663-8477) (24-ਘੰਟੇ, ਹਫਤੇ ਵਿੱਚ 7 ਦਿਨ)
- ਸਿਟੀ ਆਫ ਬ੍ਰੈਂਪਟਨ: 311 ਤੇ ਫੋਨ ਕਰੋ



## ਵਾਤਾਵਰਣ, ਕਮਿਉਨਿਟੀ ਅਤੇ ਇੰਫਰਾਸਟ੍ਰਕਚਰ ਨੂੰ ਬਚਾਉਣ ਦੀ ਜ਼ਿੰਮੇਵਾਰੀ ਸਾਡੀ ਸਭ ਦੀ ਹੈ।